Text box for GP practice name and address

NHS

Dear <name of patient> / ਸਤਿਕਾਰਯੋਗ <name of patient>

# ਤੁਹਾਡੀਆਂ ਦਵਾਈਆਂ ਦੀ ਸਮੀਖਿਆ ਕਰਨਾ

ਇਹ ਪ੍ਰਕਿਰਿਆ ਤੁਹਾਡੀਆਂ ਦਵਾਈਆਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਨਵੀਂ ਸੇਵਾ ਚਲਾ ਰਿਹਾ ਹੈ - ਇਸਨੂੰ ਦਵਾਈਆਂ ਦੀ ਸਮੀਖਿਆ ਕਿਹਾ ਜਾਂਦਾ ਹੈ।

ਦਵਾਈ ਦੀ ਸਮੀਖਿਆ ਇਹ ਜਾਂਚ ਕਰਨ ਦਾ ਇੱਕ ਮੌਕਾ ਹੁੰਦੀ ਹੈ ਕਿ ਤੁਹਾਡੀਆਂ ਦਵਾਈਆਂ ਤੁਹਾਡੇ ਲਈ ਸਭ ਤੋਂ ਵਧੀਆ ਦਵਾਈਆਂ ਹਨ।

## ਸਮੀਖਿਆ ਦੌਰਾਨ ਕੀ ਕੁਝ ਹੋਵੇਗਾ?

- ਪਰੈਕਟਿਸ ਕਰ ਰਹੇ ਡਾਕਟਰ (ਫਾਰਮਾਸਿਸਟ) ਜਾਂ ਜੀ.ਪੀ. ਨਾਲ ਤੁਹਾਡੀ ਆਹਮੋ-ਸਾਹਮਣੇ ਮੁਲਾਕਾਤ ਜਾਂ ਟੈਲੀਫ਼ੋਨ ਕਾਲ ਹੋਵੇਗੀ।
- ਉਹ ਇਸ ਗੱਲ ਦੀ ਜਾਂਚ ਕਰਨਗੇ ਕਿ ਤੁਹਾਡੀਆਂ ਦਵਾਈਆਂ ਕੰਮ ਕਰ ਰਹੀਆਂ ਹਨ ਜਾਂ ਨਹੀਂ - ਅਤੇ ਮਾੜੇ ਪ੍ਰਭਾਵਾਂ ਦਾ ਕਾਰਨ ਨਹੀਂ ਬਣ ਰਹੀਆਂ।
- ਇਹ ਤੁਹਾਡੇ ਲਈ ਸਾਨੂੰ ਤੁਹਾਡੀਆਂ ਦਵਾਈਆਂ ਦਾ ਤੁਹਾਡੀ ਸਿਹਤ 'ਤੇ ਪ੍ਰਗਤੀ ਕਰਨ ਦਾ ਤਰੀਕੇ ਬਾਰੇ ਦੱਸਣ - ਅਤੇ ਦਵਾਈਆਂ ਬਾਰੇ ਸਵਾਲ ਪੁੱਛਣ ਅਤੇ ਉਨ੍ਹਾਂ ਬਾਰੇ ਹੋਰ ਜਾਣਨ ਦਾ ਵੀ ਮੌਕਾ ਹੁੰਦਾ ਹੈ।

## ਇਸ ਤੋਂ ਬਾਅਦ ਕੀ ਪ੍ਰਕਿਰਿਆ ਹੋਵੇਗੀ?

ਅਸੀਂ ਪ੍ਰਕਿਰਿਆ ਦੌਰਾਨ ਜਾਂ ਟੈਲੀਫ਼ੋਨ 'ਤੇ ਪ੍ਰੈਕਟਿਸ ਕਰ ਰਹੇ ਡਾਕਟਰ (ਫਾਰਮਾਸਿਸਟ) ਜਾਂ ਜੀ.ਪੀ. ਨਾਲ ਗੱਲਬਾਤ ਕਰਨ ਲਈ ਮੁਲਾਕਾਤ ਵਾਸਤੇ ਤੁਹਾਡੇ ਨਾਲ ਸੰਪਰਕ ਕਰਾਂਗੇ।

- ਡਾਕਟਰ (ਫਾਰਮਾਸਿਸਟ) ਜਾਂ ਜੀ.ਪੀ. ਵਿਸਤਾਰ ਨਾਲ ਦੱਸੇਗਾ ਕਿ ਤੁਹਾਡੀਆਂ ਦਵਾਈਆਂ ਕਿਸ ਲਈ ਹਨ।
- ਉਹ ਇਹ ਜਾਂਚ ਕਰਨਗੇ ਕਿ ਕੀ ਤੁਹਾਡੀਆਂ ਦਵਾਈਆਂ ਵਿੱਚ ਕਿਸੇ ਤਬਦੀਲੀ ਦੀ ਲੋੜ ਹੈ ਜਾਂ ਨਹੀਂ।
- ਤੁਹਾਡੇ ਕੋਲ ਤੁਹਾਡੇ ਸਵਾਲਾਂ ਦੇ ਜਵਾਬ ਲੈਣ ਦਾ ਵੀ ਮੌਕਾ ਮਿਲੇਗਾ।

ਜੇ ਕੋਈ ਤੁਹਾਡੀਆਂ ਦਵਾਈਆਂ ਵਿੱਚ ਤੁਹਾਡੀ ਮਦਦ ਕਰਦਾ ਹੈ, ਤਾਂ ਜਦੋਂ ਤੁਸੀਂ ਪ੍ਰੈਕਟਿਸ ਕਰ ਰਹੇ ਫਾਰਮਾਸਿਸਟ ਨਾਲ ਗੱਲ ਕਰਦੇ ਹੋ, ਤਾਂ ਉਨ੍ਹਾਂ ਦਾ ਤੁਹਾਡੇ ਨਾਲ ਹੋਣਾ ਉਨ੍ਹਾਂ ਲਈ ਮਦਦਗਾਰ ਹੋ ਸਕਦਾ ਹੈ।

## ਅਜਿਹਾ ਕਰਨ ਵਿੱਚ ਸਾਡਾ ਮਨੋਰਥ ਕੀ ਹੈ?

ਅਸੀਂ ਇਹ ਪ੍ਰਕਿਰਿਆ ਇਹ ਯਕੀਨੀ ਬਣਾਉਣ ਲਈ ਕਰ ਰਹੇ ਹਾਂ ਕਿ ਤੁਹਾਡੀਆਂ ਦਵਾਈਆਂ ਤੁਹਾਡੇ ਲਈ ਸਹੀ ਹਨ ਜਾਂ ਨਹੀਂ।

- ਸਮੀਖਿਆ ਦਾ ਉਦੇਸ਼ ਪੈਸੇ ਦੀ ਬੱਚਤ ਕਰਨਾ ਨਹੀ ਹੈ।
- ਨਾਲ ਹੀ ਇਹ ਜਾਂਚ ਕਰਨਾ ਵੀ ਨਹੀ ਹੈ ਕਿ ਕੀ ਤੁਸੀਂ ਆਪਣੀਆਂ ਦਵਾਈਆਂ ਲੈ ਰਹੇ ਹੋ ਜਾਂ ਨਹੀਂ।

ਤੁਹਾਡੇ ਅਤੇ ਫਾਰਮਾਸਿਸਟ ਜਾਂ ਜੀ.ਪੀ. ਵਿਚਕਾਰ ਸਮਝੌਤੇ ਤੋਂ ਬਿਨਾਂ ਕੋਈ ਵੀ ਦਵਾਈ ਨਹੀਂ ਬਦਲੀ ਜਾਵੇਗੀ।

**ਦੂਜੇ ਪਾਸੇ ਕੁਝ ਅਜਿਹੇ ਸਵਾਲ ਹੋ ਸਕਦੇ ਹਨ ਜੋ ਤੁਸੀਂ ਮੁਲਾਕਾਤ ਵੇਲੇ ਆਪਣੀਆਂ ਦਵਾਈਆਂ ਬਾਰੇ ਪੁੱਛਣਾ ਚਾਹ ਸਕਦੇ ਹੋ।**

Text box for name and signature

NIHR | Yorkshire and Humber Patient Safety Research Collaboration

age UK

The AHSN Network

ਕਾਪੀਰਾਈਟ © ਬ੍ਰੈਡਫੋਰਡ ਟੀਚਿੰਗ ਹਸਪਤਾਲ ਐਨ.ਐਚ.ਐਸ. ਫਾਉਂਡੇਸ਼ਨ ਟਰੱਸਟ, ਯੂਨੀਵਰਸਿਟੀ ਔਫ਼ ਬ੍ਰੈਡਫੋਰਡ ਅਤੇ ਯੂਨੀਵਰਸਿਟੀ ਔਫ਼ ਲੀਡਜ਼ 2022

NHS

# ਮੁਲਾਕਾਤ ਤੋਂ ਪਹਿਲਾਂ ਸੋਚਣ ਲਈ ਸਵਾਲ ਜੋ ਤੁਸੀਂ ਪੁੱਛਣਾ ਚਾਹ ਸਕਦੇ ਹੋ

ਮੇਰੇ ਵੱਲੋਂ ਇਹ ਦਵਾਈਆਂ ਕਿਉਂ ਲਈਆਂ ਜਾ ਰਹੀਆਂ ਹਨ?

ਮੈਨੂੰ ਕਿਵੇਂ ਪਤਾ ਲੱਗੇਗਾ ਕਿ ਉਹ ਮੇਰੀ ਮਦਦ ਕਰ ਰਹੀਆਂ ਹਨ?

ਕੀ ਮੈਨੂੰ ਅਜੇ ਵੀ ਮੇਰੀਆਂ ਸਾਰੀਆਂ ਦਵਾਈਆਂ ਦੀ ਲੋੜ ਹੈ?

ਮੈਨੂੰ ਇੰਨੀਆਂ ਗੋਲੀਆਂ ਕਿਉਂ ਲੈਣੀਆਂ ਪੈਣਗੀਆਂ?

ਉਹ ਕਿਹੜੇ ਮਾੜੇ ਪ੍ਰਭਾਵਾਂ ਦਾ ਕਾਰਨ ਬਣਦੇ ਹਨ?

ਮੇਰੇ ਲਈ ਡੱਬਿਆਂ ਨੂੰ ਖੋਲ੍ਹਣਾ ਮੁਸ਼ਕਲ ਹੈ - ਕੀ ਤੁਸੀਂ ਇਸ ਵਿੱਚ ਮਦਦ ਕਰ ਸਕਦੇ ਹੋ?

ਮੇਰੀਆਂ ਦਵਾਈਆਂ ਲੈਣਾ ਯਾਦ ਰੱਖਣਾ ਮੁਸ਼ਕਲ ਹੈ - ਕੀ ਤੁਸੀਂ ਇਸ ਵਿੱਚ ਮਦਦ ਕਰ ਸਕਦੇ ਹੋ?

ਮੇਰੀਆਂ ਦਵਾਈਆਂ ਨੂੰ ਨਿਗਲਣਾ ਮੁਸ਼ਕਲ ਹੈ - ਕੀ ਤੁਸੀਂ ਇਸ ਵਿੱਚ ਮਦਦ ਕਰ ਸਕਦੇ ਹੋ?

ਮੇਰੀਆਂ ਦਵਾਈਆਂ ਵੱਖ-ਵੱਖ ਸਮਿਆਂ 'ਤੇ ਖਤਮ ਹੋ ਜਾਂਦੀਆਂ ਹਨ - ਕੀ ਤੁਸੀਂ ਇਨ੍ਹਾਂ ਸਾਰੀਆਂ ਦਵਾਈਆਂ ਲਈ ਇੱਕੋ ਸਮਾਂ ਨਿਰਧਾਰਤ ਕਰ ਸਕਦੇ ਹੋ?

ਹੋਰ ਭਾਸ਼ਾ ਦੇ ਸੰਸਕਰਣ ਦੇਖੋ

NIHR | Yorkshire and Humber Patient Safety Research Collaboration

age UK

The AHSN Network

ਕਾਪੀਰਾਈਟ © ਬ੍ਰੈਡਫੋਰਡ ਟੀਚਿੰਗ ਹਸਪਤਾਲ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ, ਯੂਨੀਵਰਸਿਟੀ ਔਫ਼ ਬ੍ਰੈਡਫੋਰਡ ਅਤੇ ਯੂਨੀਵਰਸਿਟੀ ਔਫ਼ ਲੀਡਜ਼ 2022